# ਜਮਾਤ ਦਸਵੀਂ  ਵਿਸ਼ਾ ਪੰਜਾਬੀ

## ਮੇਰੇ ਵੱਡੇ ਵਡੇਰੇ (ਗਿਆਨੀ ਗੁਰਦਿੱਤ ਸਿੰਘ)

**ਪ੍ਰਸ਼ਨ:-ਗਿਆਨੀ ਗੁਰਦਿੱਤ ਸਿੰਘ ਦੇ ਲਿਖੇ ਵਾਰਤਕ 'ਮੇਰੇ ਵੱਡੇ ਵਡੇਰੇ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।**

ਉੱਤਰ:-ਲੇਖਕ ਦੇ ਵੱਡੇ ਵਡੇਰੇ ਪੰਜਾਬ ਦੇ ਨਮੂਨੇ ਦੇ ਮਨੁੱਖ ਸਨ,ਜਿੰਨ੍ਹਾਂ ਨੂੰ ਉਸਨੇ ਦੇਖਿਆ ਨਹੀਂ ,ਸਗੋਂ ਸੁਣਿਆ ਹੈ।ਉਸਦੇ ਬਾਬੇ ਚਾਰ ਭਰਾ ਸਨ,ਜੋ ਨਰੋਏ ਸਰੀਰਾਂ ਦੇ ਦੱਬ ਕੇ ਵਾਹ ਤੇ ਰੱਜ ਕੇ ਖਾਣ ਵਾਲੇ ਸਨ।ਉਹ ਨੇੜਲੇ ਪਿੰਡਾਂ ਲਈ ਹਊਆ ਸਨ।ਇੱਕ ਵਾਰ ਛਾਪੇ ਪਿੰਡ ਵਿੱਚ ਰਿਸ਼ਤੇਦਾਰਾਂ ਦੇ ਘਰ ਵਿਆਹ ਤੇ ਗਏ। ਉਹ ਮੇਲ-ਗੇਲ ਲਈ ਬਣੇ ਗੁੜ ਦਾ ਪ੍ਰਸ਼ਾਦ ਦਾ ਸਾਰਾ ਕੜਾਹਾ ਚੱਟਮ ਕਰ ਗਏ।ਇਸ ਘਟਨਾ ਤੋਂ ਛਾਪੇ ਵਾਲਿਆਂ ਨੇ ਉਹਨਾਂ ਨਾਲ ਮਿਲਣਾ ਬੰਦ ਕਰ ਦਿੱਤਾ।ਉਸਦੇ ਬਾਬੇ ਪੁੰਨੂੰ ਨੇ ਪਿੰਡ ਦੇ ਚੌਧਰੀ ਤੋਂ ਪੱਕੀ ਰਸਦ ਮੰਗਦੇ ਇੱਕ ਭੂਤਰੇ ਪਹਿਲਵਾਨ ਦੀ ਘੋਲ ਵਿੱਚ ਤੌਬਾ ਕਰਵਾ ਦਿੱਤੀ ਸੀ।ਉਸਦਾ ਇੱਕ ਬਾਬਾ ਹਨੇਰੀ ਨਾਲ ਡਿੱਗੇ ਇੱਕ ਭਾਰੇ ਸ਼ਹਿਤੂਤ ਨੂੰ ਬਿਨਾਂ ਛਾਗਿਆਂ ਹੀ ਘਸੀਟ ਕੇ ਘਰ ਲੈ ਆਇਆ ਸੀ।ਉਸਦਾ ਬਾਬਾ ਦਾਸ ਕੁਝ ਬੰਦਿਆਂ ਦੁਆਰਾ ਮੈਰੇ ਵਿੱਚ ਸੁੱਟੀ ਕਿੱਕਰ ਦੀ ਇਕ ਗੇਲੀ ਨੂੰ ਇਕੱਲਾ ਹੀ ਚੁੱਕ ਲਿਆਇਆ ਸੀ ।ਅੱਸੀ ਨੱਬੇ ਵਰ੍ਹੇ ਮਗਰੋ ਉਹ ਲਟੈਣ ਅੱਠ-ਦੱਸ ਗੱਭਰੂਆਂ ਨੇ ਚੁੱਕ ਕੇ ਚੜ੍ਹਾਈ।ਬਾਬਿਆ ਦੀ ਭੈਣ ਦੁਆਰਾ ਚੁੱਕ ਕੇ ਲਿਆਦੀ ਸਿੱਟਿਆ ਦੀ ਪੰਡ ਵਿੱਚੋਂ ਪੰਜ ਮਣ ਕੱਚੀ ਜੁਆਰ ਨਿੱਕਲੀ ਸੀ।ਉਹਨਾਂ ਦੀ ਚੜ੍ਹਿੱਕ ਵਿਆਹੀ ਭੈਣ ਨੇ ਪਹਿਲਵਾਨ ਦਾ ਭਾਰਾ ਮੁਗਦਰ,ਜਿਸ ਨੂੰ ਹੋਰ ਕੋਈ ਨਹੀ ਚੁੱਕ ਸਕਦਾ ਸੀ,ਦੋ ਵਾਰੀ ਚੁੱਕ ਕੇ ਪਰ੍ਹਾਂ ਵਗਾਹ ਮਾਰਿਆ।ਜਦੋਂ ਪਹਿਲਵਾਨ ਨੂੰ ਪਤਾ ਲੱਗਾ ਤਾਂ ਉਸਨੇ ਭਲਵਾਨੀ ਛੱਡ ਦਿੱਤੀ ਅਤੇ ਉਸਨੂੰ ਧਰਮ ਦੀ ਭੈਣ ਬਣਾ ਲਿਆ।ਉਸ ਭੈਣ ਦੇ ਦੋ ਪੁੱਤਰਾਂ ਵਿੱਚੋਂ ਇਕ ਨਾਮੀ ਪਹਿਲਵਾਨ ਮੰਗਲ ਸਿੰਘ ਬਣਿਆ।ਲੇਖਕ ਨੂੰ ਆਪਣੇ ਵੱਡੇ-ਵਡੇਰੇ ਕੋਈ ਦਿਓ-ਦਾਨੇ ਜਾਪਦੇ ਸਨ।

## ਅਭਿਆਸੀ ਪ੍ਰਸ਼ਨ-ਉੱਤਰ

**ਪ੍ਰਸ਼ਨ:-ਛਾਪੇ ਪਿੰਡ ਵਾਲਿਆਂ ਨੇ ਲੇਖਕ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ?**

ਉੱਤਰ:-ਇੱਕ ਵਾਰ ਲੇਖਕ ਦੇ ਵੱਡੇ ਵਡੇਰੇ ਛਾਪੇ ਪਿੰਡ ਵਿੱਚ ਰਿਸ਼ਤੇਦਾਰਾਂ ਦੇ ਘਰ ਵਿਆਹ ਤੇ ਗਏ । ਉਹ ਮੇਲ-ਗੇਲ ਲਈ ਬਣੇ ਗੁੜ ਦੇ ਪ੍ਰਸ਼ਾਦ ਦਾ ਸਾਰਾ ਕੜਾਹਾ ਚੱਟਮ ਕਰ ਗਏ।ਇਸ ਗੱਲ ਤੋਂ ਨਰਾਜ਼ ਹੋ ਕੇ ਛਾਪੇ ਪਿੰਡ ਵਾਲਿਆਂ ਨੇ ਉਹਨਾਂ ਨਾਲ ਮਿਲਣਾ ਬੰਦ ਕਰ ਦਿੱਤਾ ਅਤੇ ਨਾਤਾ ਤੋੜ ਲਿਆ।

**ਪ੍ਰਸ਼ਨ:-ਪੁਰਾਣੇ ਸਮੇਂ ਵਿੱਚ ਭਲਵਾਨ ਕਿਵੇਂ ਪਿੰਡਾਂ ਉੱਤੇ ਫਤਿਹ ਪ੍ਰਾਪਤ ਕਰਦੇ ਸਨ?**

ਉੱਤਰ:-ਪੁਰਾਣੇ ਸਮੇਂ ਵਿੱਚ ਭਲਵਾਨ ਢੋਲ ਵਾਲੇ ਨੂੰ ਲੈ ਕੇ ਦਿਗ-ਵਿਜੇ ਦਾ ਝੰਡਾ ਫੜ ਕੇ ਚਲਦੇ ਸਨ।ਉਹ ਇੱਕ ਪਿੰਡ ਨੂੰ ਜਿੱਤ ਕੇ ਦੂਸਰੇ ਪਿੰਡ  ਤੇ ਚੜ੍ਹਾਈ ਕਰਦੇ। ਉੱਥੋਂ ਦੇ ਲੋਕਾਂ ਦੁਆਰਾ ਉਹਨਾਂ ਦਾ ਸਵਾਗਤ ਕਰਨਾ ਜਰੂਰੀ ਹੁੰਦਾ। ਫਿਰ ਉਹ ਝੰਡਾ ਗੱਡ ਦਿੰਦੇ ਕਿ ਜੇਕਰ ਕੋਈ ਉੱਥੇ ਜੋਰ ਵਾਲਾ ਹੈ ਤਾਂ ਉਹਨਾਂ ਨਾਲ ਘੁਲ ਲਵੇ,ਨਹੀਂ ਤਾਂ ਪੱਕੀ ਰਸਤ ਦੇ ਦਵੇ।

**ਪ੍ਰਸ਼ਨ:-ਲੋਕ ਭਲਵਾਨਾਂ ਦਾ ਕਿਵੇਂ ਸਤਿਕਾਰ ਕਰਦੇ ਸਨ?**

ਉੱਤਰ:-ਲੋਕ ਭਲਵਾਨਾਂ  ਦੇ ਸਵਾਗਤ ਲਈ  ਉਹਨਾਂ ਨੂੰ ਘਿਓ ਇਕੱਠਾ  ਕਰਕੇ ਦਿੰਦੇ ਸਨ ਅਤੇ ਗੁੜ ਤੇ ਕੱਪੜਿਆ  ਦੇ ਥਾਨਾਂ ਦੀਆਂ ਪੰਡਾਂ ਬੰਨ੍ਹ ਦਿੰਦੇ ਸਨ।ਨਕਦੀ ਵੀ ਚੜ੍ਹਾਈ ਜਾਂਦੀ ਸੀ।

ਪ੍ਰਸ਼ਨ:-ਬਾਬੇ ਪੁੰਨੂੰ ਤੇ ਭਲਵਾਨ ਵਿਚਕਾਰ ਹੋਈ ਕੁਸ਼ਤੀ ਦਾ ਵਰਨਣ ਕਰੋ।

ਉੱਤਰ:-ਬਾਬੇ ਪੁੰਨੂੰ ਨੇ ਆਰੰਭਿਕ ਹੱਥ ਕਰਨ ਮਗਰੋ ਪਹਿਲਵਾਨ ਦੀ ਠੋਡੀ ਹੇਠਾਂ ਕੂਹਣੀ ਦਾ ਹੋੜਾ ਦੇ ਕੇ ਮਗਰੋਂ ਗਰਦਨ ਵੱਲੋਂ ਵਲੇਵੇਂ ਨਾਲ ਉਸਨੂੰ ਬਾਂਹਾਂ ਤੋਂ ਅਜਿਹਾ ਚੁੱਕਿਆ ਕਿ ਸਾਰਾ ਭਾਰ ਠੋਡੀ ਤੇ ਗਰਦਨ ਉੱਤੇ ਆ ਜਾਣ ਕਰਕੇ ਉਸਦੇ ਆਨੇ ਬਾਹਰ ਆ ਗਏ।ਉਸਨੇ ਇਸ਼ਾਰਿਆ ਨਾਲ ਵਾਸਤਾ ਪਾ ਕੇ ਜਾਨ ਬਚਾਈ। ਹਰ ਪਾਸੇ ਬਾਬੇ ਪੁੰਨੂੰ ਦੀ ਜੈ-ਜੈ ਕਾਰ ਹੋਣ ਲੱਗ ਪਈ।

ਪ੍ਰਸ਼ਨ:-'ਕਿਧਰੇ ਸਾਡੇ ਬਾਬੇ ਵੀ ਕੋਈ ਦਿਓ-ਦਾਨੇਂ ਤਾਂ ਨਹੀਂ ਸਨ?'ਵੱਡੇ ਵਡੇਰੇ ਲੇਖ ਦੇ ਪ੍ਰਸੰਗ ਵਿੱਚ ਇਸ ਕਥਨ ਦੀ ਪੁਸ਼ਟੀ ਕਰੋ।

ਉੱਤਰ:-ਇਸ ਲੇਖ ਵਿੱਚੋ ਸਪਸ਼ਟ ਹੁੰਦਾ ਹੈ ਕਿ ਲੇਖਕ ਦੇ ਬਾਬੇ ਨਰੋਏ ਸਰੀਰਾਂ ਦੇ ਮਾਲਕ,ਖੂਬ ਖਾਣ -ਪੀਣ ਵਾਲੇ,ਪਹਿਲਵਾਨਾਂ ਦੀਆਂ ਪਿੱਠਾਂ ਲਾਉਣ ਵਾਲੇ ਅਤੇ ਵੱਡੇ ਰੁੱਖਾਂ ਨੂੰ ਇਕੱਲੇ ਹੀ ਚੁੱਕ ਕੇ ਲਿਆਉਣ ਵਾਲੇ ਸਨ। ਉਹਨਾਂ ਦੀਆਂ ਭੈਣਾਂ ਵੀ ਤਕੜੀਆਂ ਸਨ।ਇਸੇ ਕਰਕੇ ਲੇਖਕ ਨੂੰ ਉਹ ਦਿਓ-ਦਾਨੇਂ ਪ੍ਰਤੀਤ ਹੁੰਦੇ ਹਨ।

ਪ੍ਰਸ਼ਨ:-ਇਸ ਪਾਠ ਵਿੱਚ ਬਾਬਿਆਂ ਦੀਆਂ ਭੈਣਾਂ ਦੇ ਕਾਰਨਾਮਿਆਂ ਦਾ ਜੋ ਜਿਕਰ ਆਇਆ ਹੈ, ਆਪਣੇ ਸ਼ਬਦਾਂ ਵਿੱਚ ਲਿਖੋ।

ਉੱਤਰ:-ਬਾਬਿਆਂ ਦੀ ਭੈਣ ਦੁਆਰਾ ਚੁੱਕ ਕੇ ਲਿਆਂਦੀ ਸਿੱਟਿਆ ਦੀ ਪੰਡ ਵਿੱਚੋਂ ਪੰਜ ਮਣ ਕੱਚੀ ਜੁਆਰ ਨਿੱਕਲੀ ਸੀ।ਉਹਨਾਂ ਦੀ ਚੜ੍ਹਿੱਕ ਵਿਆਹੀ ਭੈਣ ਨੇ ਪਹਿਲਵਾਨ ਦਾ ਭਾਰਾ ਮੁਗਦਰ,ਜਿਸ ਨੂੰ ਹੋਰ ਕੋਈ ਨਹੀਂ ਚੁੱਕ ਸਕਦਾ ਸੀ, ਦੋ ਵਾਰੀ ਚੁੱਕ ਕੇ ਪਰਾਂ ਮਾਰਿਆ ਸੀ।

## ਵਸਤੂ-ਨਿਸ਼ਠ ਪ੍ਰਸ਼ਨ-ਉੱਤਰ

ਪ੍ਰਸ਼ਨ:-'ਮੇਰੇ ਵੱਡੇ ਵਡੇਰੇ' ਲੇਖ ਦਾ ਲੇਖਕ ਕੌਣ ਹੈ?

ਉੱਤਰ:-ਗਿਆਨੀ ਗੁਰਦਿੱਤ ਸਿੰਘ

ਪ੍ਰਸ਼ਨ:-'ਲੇਖਕ ਨੂੰ ਵੇਖ ਕੇ ਪਿੰਡ ਦੇ ਪੁਰਾਣੇ ਲੋਕ ਉਸਨੂੰ ਕੀ ਕਹਿੰਦੇ ਸਨ?

ਉੱਤਰ:-ਕਾਗਜੀ ਭਲਵਾਨ।

ਪ੍ਰਸ਼ਨ:-'ਲੇਖਕ ਦੇ ਦਾਦੇ ਕਿੰਨੇ ਭਰਾ ਸਨ?

ਉੱਤਰ:-ਚਾਰ।

ਪ੍ਰਸ਼ਨ:-'ਲੇਖਕ ਦੇ ਦਾਦਿਆਂ ਦਾ ਕੀ ਨਾਂ ਸੀ?

ਉੱਤਰ:-ਦਾਸ,ਪੁੰਨੂੰ, ਰਾਮ ਦਿੱਤਾ ਤੇ ਸਾਹਿਬ ਸਿੰਘ।

ਪ੍ਰਸ਼ਨ:-'ਲੇਖਕ ਦੇ ਦਾਦੇ ਵਿਆਹ ਦੀ ਰੋਟੀ ਤੇ ਕਿਸ ਪਿੰਡ ਗਏ ਸਨ?

ਉੱਤਰ:-ਛਾਪੇ।

ਪ੍ਰਸ਼ਨ:-'ਲੇਖਕ ਦੇ ਦਾਦੇ ਖਾਣ-ਪੀਣ ਤੋਂ ਇਲਾਵਾ ਕਿਸ ਲਈ ਮਸ਼ਹੂਰ ਸਨ?

ਉੱਤਰ:-ਆਪਣੀ ਜੋਰਾਵਰੀ ਲਈ।

ਪ੍ਰਸ਼ਨ:-'ਪਹਿਲਵਾਨ ਨੇ ਚੌਧਰੀ ਕੋਲੋਂ ਕੀ ਮੰਗਿਆ?

ਉੱਤਰ:-ਪੱਕੀ ਰਸਤ।

ਪ੍ਰਸ਼ਨ:-'ਬਾਬਿਆਂ ਦੀਆਂ ਕਿੰਨੀਆਂ ਭੈਣਾਂ ਦਾ ਜਿਕਰ ਆਉਂਦਾ ਹੈ?

ਉੱਤਰ:-ਦੋ।

ਪ੍ਰਸ਼ਨ:-'ਮੁਗਦਰ ਨੂੰ ਕਿੰਨੇ ਬੰਦੇ ਰੇੜ੍ਹ ਕੇ ਲਿਆਏ?

ਉੱਤਰ:-ਚਾਰ ਪੰਜ ਬੰਦੇ।

ਪ੍ਰਸ਼ਨ:-'ਪਹਿਲਵਾਨ ਨੇ ਭੈਣ ਦਾ ਆਦਰ ਕਿਵੇਂ ਕੀਤਾ?

ਉੱਤਰ:-101 ਰੁਪਏ ਤੇ ਇੱਕ ਸੁੱਚਾ ਤਿਓਰ ਦੇ ਕੇ।

ਪ੍ਰਸ਼ਨ:-'ਪਹਿਲਵਾਨ ਨੇ ਬਾਬਿਆਂ ਦੀ ਭੈਣ ਨੂੰ ਕੀ ਸਵੀਕਾਰ ਕੀਤਾ?

ਉੱਤਰ:-ਆਪਣੀ ਧਰਮ ਭੈਣ।

ਤਿਆਰ ਕਰਤਾ : ਕਮਲ ਨੈਨ ਸਿੰਘ,ਪੰਜਾਬੀ ਮਾਸਟਰ,
ਸ.ਮਿ.ਸਕੂਲ,ਬੂਆ ਨੰਗਲੀ,
ਜ਼ਿਲ੍ਹਾ ਅੰਮ੍ਰਿਤਸਰ।